ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦਪੰਜਾਬ ,
ਛੇਵੀਂ ਮੰਜ਼ਿਲ-ਫੇਜ਼ ,ਪੰਜਾਬ ਸਕੂਲ ਸਿੱਖਿਆ ਬੋਰਡ ਕੰਪ ,ਈ-ਬਲਾਕ ,8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ-:0172-2212221

2024145 65
9/1/2024
ਸੀ. 7

ਵੱਲ

(ਨੋਟਿਸ ਬੋਰਡ ਅਤੇ ਈ-ਮੇਲ ਰਾਹੀਂ)

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿੱ/ਐਸਿੱ) ਅਤੇ
ਸਮੂਹ ਡਾਇਰੈਟੋਰੇਟ ਮੁੱਖੀ,
ਪੰਜਾਬ।

ਮੀਮੋ ਨੰ: SCERT-SDP01/3/2024-SDP-SCERT/625755/01/33-37
ਮਿਤੀ: ਐਸ.ਏ.ਐਸ. ਨਗਰ, 05-01-2024

**ਵਿਸ਼ਾ : ਬੇਟੀ ਬਚਾਓ ਬੇਟੀ ਪੜ੍ਹਾਓ (BBBP) ਲੋਗੋ ਅਤੇ ਟੈਗਲਾਈਨ ਦੀ ਵਰਤੋਂ ਕਰਨ ਸਬੰਧੀ ।**

ਹਵਾਲਾ: Secretary, Government of India, Ministry of Women and Child development ਜੀ ਦਾ ਪੱਤਰ D.O. No. 22/6/2023-BBBP ਮਿਤੀ 20th December, 2023 ਦੇ ਸਬੰਧ ਵਿੱਚ।

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਬੇਟੀ ਬਚਾਓ ਬੇਟੀ ਪੜ੍ਹਾਓ BBBP ਭਾਰਤ ਸਰਕਾਰ ਦੀ ਇੱਕ ਪ੍ਰਮੁੱਖ ਪਹਿਲਕਦਮੀ ਹੈ ਜੋ ਮਾਨਯੋਗ ਪ੍ਰਧਾਨ ਮੰਤਰੀ ਜੀ ਦੁਆਰਾ 22 ਜਨਵਰੀ 2015 ਨੂੰ ਸ਼ੁਰੂ ਕੀਤੀ ਗਈ ਸੀ। ਜਿਸਦਾ ਉਦੇਸ਼ ਲਿੰਗ ਪੱਖਪਾਤੀ ਲਿੰਗ ਚੋਣ ਨੂੰ ਰੋਕਣਾ ਹੈ ਅਤੇ ਬੱਚੀਆਂ ਦੇ ਬਚਾਅ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਨਾਲ ਨਾਲ ਉਸਦੇ ਸਿੱਖਿਅਕ ਨਤੀਜਿਆਂ ਵਿੱਚ ਸੁਧਾਰ ਕਰਨਾ ਹੈ।

2.0 ਵਿਕਸਿਤ ਭਾਰਤ @2047 ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਔਰਤਾਂ ਦੀ ਅਗਵਾਈ ਵਾਲਾ ਵਿਕਾਸ ਮੁੱਖ ਹੈ। ਬੱਚੀਆਂ ਪ੍ਰਤੀ ਕਿਸੇ ਵੀ ਪੱਖਪਾਤ ਨੂੰ ਖਤਮ ਕਰਨ ਅਤੇ ਇਸ ਸਮੂਹਿਕ ਤਬਦੀਲੀ ਨੂੰ ਸਾਹਮਣੇ ਲਿਆਉਣ ਲਈ ਸਮੁੱਚੀ ਸਰਕਾਰੀ ਪਹੁੰਚ ਨੂੰ ਅਪਣਾਉਣਾ ਸਮੇਂ ਦੀ ਲੋੜ ਹੈ।

3.0 ਸਮਾਜਿਕ ਕਾਰਨਾਂ ਦੇ ਮੱਦੇਨਜ਼ਰ, ਭਾਰਤ ਸਰਕਾਰ ਦਾ ਉਦੇਸ਼ BBBP ਦੀ ਸਹਿ-ਬ੍ਰਾਂਡਿੰਗ ਲਈ ਸਾਰੇ ਕੇਂਦਰੀ ਮੰਤਰਾਲਿਆਂ/ਵਿਭਾਗਾਂ ਨਾਲ ਜੁੜਨਾ ਹੈ ਤਾਂ ਜੋ ਬੱਚੀਆਂ ਦੀ ਕਦਰ ਬਾਰੇ ਜਾਗਰੂਕਤਾ ਪੈਦਾ ਕੀਤੀ ਜਾ ਸਕੇ।

Scanned with OKEN Scanner

4.0 ਆਪ ਵੱਲੋਂ ਆਪਣੇ ਅਧੀਨ ਆਉਂਦੇ ਸਾਰੇ ਸਰਕਾਰੀ, ਅਰਧ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ/ ਸੰਸਥਾਵਾਂ/ਦਫਤਰਾਂ/ਵਿਭਾਗ ਦੀ ਵੈੱਬਸਾਈਟ, ਪੋਰਟਲ, ਸਟੇਸ਼ਨਰੀ ਆਈਟਮਾਂ, ਸਮਾਗਮਾਂ ਅਤੇ ਇਮਾਰਤਾਂ ਵਿੱਚ ਪ੍ਰਮੁੱਖ ਸਥਾਨਾਂ 'ਤੇ BBBP ਲੋਗੋ ਅਤੇ ਟੈਗਲਾਈਨ ਦੀ ਵਰਤੋਂ ਕੀਤੀ ਜਾਵੇ। (BBBP ਦਾ ਲੋਗੋ ਅਤੇ ਟੈਗਲਾਈਨ ਨੱਥੀ ਹੈ)

ਡਾਇਰੈਕਟਰ
ਐਸ.ਸੀ.ਈ.ਆਰ.ਟੀ. ਪੰਜਾਬ।

ਪਿੱਠ ਅੰਕਣ ਨੰ. ਉਕਤ/ 02-05/34-37 ਮਿਤੀ:ਐਸ.ਏ.ਐਸ. ਨਗਰ, 05-01-2024

ਉਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਵੈੱਬਸਾਈਟ, ਪੋਰਟਲ, ਸਟੇਸ਼ਨਰੀ ਆਈਟਮਾਂ, ਸਮਾਗਮਾਂ ਅਤੇ ਇਮਾਰਤਾਂ ਵਿੱਚ ਪ੍ਰਮੁੱਖ ਸਥਾਨਾਂ 'ਤੇ BBBP ਲੋਗੋ ਅਤੇ ਟੈਗਲਾਈਨ ਦੀ ਵਰਤੋਂ ਹਿੱਤ ਭੇਜਿਆ ਜਾਂਦਾ ਹੈ ਜੀ-:

1. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ,
2. ਪੀ.ਏ. ਟੂ ਸਪੈਸ਼ਲ ਸਕੱਤਰ ਸਕੂਲ ਸਿੱਖਿਆ, ਪੰਜਾਬ,
3. ਪੀ.ਏ. ਟੂ ਡੀ.ਈ.ਐਸ.ਜੀ., ਪੰਜਾਬ,
4. ਪੀ.ਏ .ਟੂ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਸਿੱ/ਐਸਿੱ), ਪੰਜਾਬ।

ਸਹਾਇਕ ਡਾਇਰੈਕਟਰ
ਐਸ.ਸੀ.ਈ.ਆਰ.ਟੀ. ਪੰਜਾਬ।

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿਠ ਅੰਕਣ ਨੰ : ਜੀ-1/1 ( )2024 / 7076 ਮਿਤੀ :10/01/2024

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਜਿਲ੍ਹਾ ਬਠਿੰਡਾ ਨੂੰ, ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ਼ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

Scanned with OKEN Scanner

10/1/24

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ।